# English Section




**Editor : Diljit Singh 'Bedi'**

# DAYS COMMEMORATING HISTORICAL EVENTS
## (16th October to 15th November)

| | | |
|---|---|---|
| *16 November* | *After spending 3 years and six months at Paonta Sahib, Sri Guru Gobind Singh Sahib reached Anandpur Sahib.* | *(16-11-1688)* |
| *17 November (a)* | *Death of Baba Budha Ji at Ramdas town.* | *(17-11-1631)* |
| *(b)* | *Cremation of the Head of the Guru Teg Bahadur Sahib at Anandpur Sahib.* | *(17-11-1675)* |
| *(c)* | *The first election of S.G.P.C. completed.* | *(17-11-1920)* |
| *18 November (a)* | *Guru Ka Bagh agitation won by Sikhs.* | *(18-11-1922)* |
| *(b)* | *S.G.P.C. declared Damdama Sahib (Talwandi Sabo) as the fifth Sikh Takhat.* | *(18-11-1966)* |
| *19 November (a)* | *Maharaja Ranjit Singh captured Peshawar.* | *(19-11-1818)* |
| *(b)* | *Sikhs, led by Jathedar Kartar Singh Jhabbar liberated Gurdwara Panja Sahib (Hassan Abdal).* | *(19-11-1920)* |
| *22 November* | *Battle of Ram Nagar between the Sikhs and the British.* | *(22-11-1848)* |
| *24 November (a)* | *Sri Guru Arjan Dev laid the foundation stone of Kartarpur, district Jalandhar.* | *(24-11-1594)* |
| *(b)* | *The Sikhs took out the protest march at Delhi against Nehru's remarks about Sikhs.* | *(24-11-1960)* |
| *25 November* | *Akali Silver Jubilee Conference, held at Jandiala (Jalandhar) and opposed the demand of Pakistan.* | *(25-11-1944)* |
| *26 November* | *The Sikh leaders rejected new constitution of India and refused to sign.* | *(26-11-1949)* |
| *28 November* | *Indian Government stated that 2239 Sikh soldiers had been Court martialled and 98 been regularly tried for their crime to protest against Operation Blue Star in 1984.* | *(28-11-1985)* |
| *3 December* | *Bhai Maharaj Singh chalked out a plan to attack contonements at Jallandhar and Hoshiarpur.* | *(3-12-1849)* |
| *4 December* | *The Sikh raised Pro-Punjabi Suba slogans at Nehru's rally in Rajpura, 15 Sikhs were arrested.* | *(4-12-1960)* |
| *7 December* | *Baba Banda Singh Bahadur and about 700 of his companions arrested, chained and taken to Delhi.* | *(7-12-1715)* |
| *8 December* | *Central Sikh League formed at Lahore.* | *(8-12-1919)* |

*11 December* *Akali Dal appointed a committee to draft the policies of the 'Dal' inthe changed circumstances. (This committee drafted the famous Anandpur Sahib Resolution). (11-12-1972)*

*12 December (a)* *Ahmed Shah left our Homeland after humilating defeat at the hands of Sikhs in Punjab. Kabuli Mal appointed as Governer of Punjab. The Sikhs became defacto rulers of their homeland. (12-12-1762)*

*(b)* *53 Mahants gathered at Amritsar and decided to appose the Sikh Gurdwara Reforms. (12-12-1920)*

■

## *Appeal*

*The devotees are requested to bring the 'PAVAN BIRS' of Sri Guru Granth Sahib (Old ones for SANSKAR) to Sri Guru Granth Sahib Bhawan, Gurdwara Ramsar Sahib complex near Gurdwara Shaheed Ganj Baba Deep Singh Ji Shaheed, Sri Amritsar Sahib only instead of Sri Akal Takhat Sahib. This has been decided to facilitate the 'SANGAT' for the Holy Sri Guru Granth Sahib (Newly published) are available at the same venue.*

***-Guru Panth Da Das-***

***Secretary,***

***Shiromani Gurdwara Parbandhak Committee,***
***Sri Amritsar Sahib.***

In continuation with the last edition:

# SRI GURU GOBIND SINGH JI (1666-1708)

-S. Surjit Singh 'Gandhi'

**We are taking pleasure while publishing these contents from the book *'History of the Sikh Gurus'* by *S. Surjit Singh Gandhi* former Head of Sikh History Research Board (SGPC).**

By people, the Gurus do not mean people of a particular society, religious group or social organization rather the people in general, the people of the whole world, the whole mankind. According to Dr. Trilochan Singh 'the concept of society is found in two senses in the writings of the Sikh Gurus. It is generally synonymous with human society. It is also used in a limited sense for religious groups. When, for example Guru Nanak Dev ji criticises the dirty practices of the Jains, he does not condemn the religion but only the social aspect of this religious society. When Guru Nanak Dev ji says, 'The age is a drawn sword, the kings are butchers, goodness hath taken wings and flown; in the dark night of falsehood, I see not the moon of Truth anywhere,' he is not speaking of the rulers of any particular state or country but of the world situation at that time. In his writings, Guru Gobind Singh ji addresses the whole human society. Even if he refers to a particular person or group, the lesson is for the whole mankind. Guru Amar Das ji has made it clear : parthai sakhi maha-purkh bolde. sanjhi sagal jahane "When sages speak about a particular person the moral is for the whole humanity.[1]

Even the national cultures which divide people are regarded by the Gurus as superficial and artificial. The reasons assigned for such differences by Guru Gobind Singh ji are: Nyare, nyare, desan ko prabhao hai; different social customs environments and manners of different countries have created these differences.

Prof. J.S. Bains, in his article 'Political Ideas of Guru Gobind Singh ji' says that "In conformity with the teachings of Guru Nanak Dev ji, the Tenth Guru had argued that authority in every sphere ultimately derives its validity from God and not from any human source," In support of his thesis the learned professor writes, "In the Zafar Nama which was addressed to Aurangzeb the Guru had mentioned that the God is the true emperor of earth and heaven and that He is the Master of both the worlds." He (the Guru) dilated

on this point with more clarity when he said :

The successors of both Baba Nanak and Babar
Were created by God Himself.
Recognize the former as a spiritual
And the letter as a temporal ruler.

According to the learned professor a similar idea was portrayed by the Gurus when they uttered the following words:

"By his (God's) hukam (order) all things are formed
Not one is blessed, save by his hukamnama
by his hukam alone nature doth ruin her course,
All serve beneath his hukam and none may act without it
Under the hukam, O God hath all been done
and naught of itself alone."

We, however, do not agree with the Professor who is our view, has not been able to correctly interpret the verses of Guru Gobind Singh ji. The original text no where says, explicitly or by implication that the church and the state both derive authority from God Himself.' It only says 'God maketh them both' as the instruments of His will. The word in the text, Kare, neither literally, nor here can be interpreted to mean 'authorized'; it simply means made by or maketh. Similarly the word pehchano' (ਪਹਿਚਾਨੋ) does not mean in the sense of a commandent thou shalt recognize. It means, know, identify, understand, perceive. The (house) of Baba means the true religion on earth and the text says, understand the term to mean thus as such. Likewise Unmano (understand) cannot and does not mean 'recognise' and 'accept'. It literally and here in the text means understand, see, guess, infer, that the house of Babur means, the secular worldly state.

That the people were held to be the wielder of soyereign powers in Sikh polity can be seen from the examples of the Gurus. Once the Guru saluted the shrine of Dadu. The Sikhs objected to this act of the Guru on the ground that it was not in conformity with the fundamental Sikh tenets and did not hesitate fining the Guru. The classic example of the high esteem in which the Guru held the Sikhs was when after selecting the 'five loved ones', he drank the holy water at their hands, thereby giving the Khalsa the pride of having selected their leader. This emphasis on popular basis of sovereignty and its equation with divine mandate was a unique idea and may be considered as a distinct contribution to democratic theory.[2]

The next issue before us is this as how the sovereignty should operate. The Gurus seemed to be aware of this problem. They evolved various organization for the people's sovereignty to be exercised. The most important among them is the institution of 'Sangat'.

Sangat means an assembly, a union of men, a gathering. One of the main teachings of the Gurus to all those who brought faith in them was to form Sangats. Wherever Guru Nanak Dev ji went, the Sikhs built a Gurdwara and met every day and formed a regular Sangat. When the Siddas asked the Guru Nanak Dev ji to show them miracles, the Guru replied : 'I have no power for miracles. I derive all my power from the world (Bani) and the Sangat. Away from Sangat, there is not a mole to support me.' Anyone irrespective of caste, creed and cline can become the member of the sangat. All services can be performed by the Sikh and non-Sikh devotees except the functions of baptism which can be perfomed by the ordained Khalsa who has lived upto the ideals. Sangat is not merely a gathering of worshippers nor is it just a forum for seeking personal salvation and blessedness, but it has stood for the total re-orientation of life of the individuals and society towards a creative purposeful existence. This being so all the discussions concerning every aspect of man's life -from fair dealings in business and from disputes to inner conflicts of the soul and the priests were referred to the Sangat. Sangat was considered to be so important that even the Gurus used to submit to the decisions of it. Guru Arjan Dev ji did not marry his son in the family because Sangat had decided it otherwise.

In fact, the decision of the Sangat have always been considered something based on reason, dispassionate and unbiased deliberations, the verdicts of a composite higher self-subordinating, the petty considerations of the composite lower self-Man Niwan-Mati Uchchi Mati ka Rakha Wahi Guru. Such decisions are considered to be the decisions of God who guides men's reasons which are not overcome by personal or emotional considerations. Such an atmosphere prevails among the members of the Sangat sitting at a place which has assumed the name 'Gurdwara', the door of the Guru.

The idea of Sangat is very old in India and if its etymology is traced, it was grounded in the polity of the early indo-Aryans. There is a mention of Samiti, or a folk-assembly in Rig Veda where there is a prayer for a common assembly and a common policy. In Atharva Veda also the aforesaid assembly has been spoken of. The Atharva declares that 'this samiti, the Sikh equivalent of which is the Sangat as a daughter of God.' The institution of Sangat continued to serve the society till it got smothered under the weight of monarchical institutions.

As regards the composition of Sangat, it may be said that it is composed of the people, sincere, truthful and honest, dedicated to the Guru's cause which is no other than the cause of the people. Sangat, like the Sangh of the Budhists and the Samiti or Sabha of the Indo-Aryans, is no Sangat if its members are not well-meaning and honest. The members who do not speak and act bonafides, are no honest members and the honest

and well-meaning members are those who are not swayed by bias or favour and who speak out truthfully and fearlessly.

So far as the mode of functioning of Sangat is concerned, it is very simple and straight. There is always a congregation in the Gurdwara in the morning and evening. At the end of the prayers the aggrieved person would stand up with his hands folded and submit his complaint to the gathering or he could make a report to the Granthi the priest of the Gurdwara who would arrange to convey it to the Sangat. The Sangat may take a snap decision or may decide upon some other procedure to satisfy the complainant. Mohsan Fani, a contemporary of the sixth Guru and a traveller from Iran was wonderstruck at the amount and intensity of one's faith in the Sangat. He found that a Sikh would stand up and submit with his folded hands to the Sangat that he is sinful and the Sangat should pray to God, the Guru. His inner conflicts were removed and he enjoyed peace of the mind. If he lived the remaining life with caution, he was sure to die a happy man.

Sangat's working is a two way game. Every member of the Sangat should have a faith in it and every person who sits in the Sangat should be a disciplined citizen of the Guru's kingdom. Thus there should be perfect rapport between the complainant and the collective will of the Sangat. The complainant should feel that his own voice is also a part of the people's voice and the Sangat is not only his own self, enlarged and widened but because of its process of collectivity, it has gained a high degree of divinity and hence its decisions will be just and true.

**Reference:-**

1. *Dr. Trilochan Singh : Social Philosophy of Guru Gobind Singh : Article published in transaction of the Indian Institute of Advanced Studies, Vol IV, 1967.*
2. *S. Kapur Singh : Prasar Prasan, P. 324.*

Conti...

ਸੋ ਕਿਉ ਮੰਦਾ ਆਖੀਐ

ਜਿਤੁ ਜੰਮਹਿ ਰਾਜਾਨ ॥

੧ੴ ਵਾਹਿਗੁਰੂ ਜੀ ਕੀ ਫ਼ਤਹ ॥

ਸਚੈ ਤਖ਼ਤੁ ਰਚਾਇਆ

ਸ੍ਰੀ ਅਕਾਲ ਤਖ਼ਤ ਸਾਹਿਬ ਜੀ

**ਗਿਆਨੀ ਗੁਰਬਚਨ ਸਿੰਘ**
**ਜਥੇਦਾਰ**

ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ।

ਨੰਬਰ ਰੋਸ: 3/੧੮/੩੨੮੧

ਮਿਤੀ ੧੮/੧੦/੧੮

ਗੁਰੂ ਸਵਾਰੇ ਪ੍ਰਧਾਨ ਸਾਹਿਬ ਜੀਓ...

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਦਾਸ ਨੂੰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਿਰਜੇ **'ਸ੍ਰੀ ਅਕਾਲ ਤਖ਼ਤ ਸਾਹਿਬ ਜੀ'** ਦੇ ਮੁਖ ਸੇਵਾਦਾਰ ਵੱਜੋਂ ਸੇਵਾ ਸੌਂਪੀ ਗਈ ਸੀ। ਸਿੱਖ ਪੰਥ ਨੂੰ ਦਰਪੇਸ਼ ਧਾਰਮਿਕ ਮਸਲਿਆਂ ਦੇ ਸਾਰਥਿਕ ਹੱਲ ਲਈ ਪੰਥ ਦੇ ਮਹਾਨ ਸਿੱਖ ਵਿਦਿਵਾਨਾਂ, ਬੁਧੀਜੀਵੀਆਂ, ਦਾਨਿਸ਼ਮੰਦਾਂ ਅਤੇ ਪੰਥ ਦੇ ਸਤਿਕਾਰਤ ਤਖ਼ਤਾਂ ਦੇ ਜਥੇਦਾਰਾਂ ਵੱਲੋਂ ਸਾਂਝੇ ਤੌਰ 'ਤੇ ਸਮੇਂ-ਸਮੇਂ ਦਿੱਤੇ ਵੱਡਮੁਲੇ ਸੁਝਾਂਵਾਂ / ਰਾਵਾਂ ਅਨੁਸਾਰ ਹਰ ਧਾਰਮਿਕ ਅਤੇ ਕੌਮੀ ਮਸਲਿਆਂ ਨੂੰ ਸੁਲਝਾਉਣ ਦਾ ਨਿਮਾਣਾ ਜਿਹਾ ਯਤਨ ਕਰਦਾ ਰਿਹਾ ਹਾਂ। ਦਾਸ ਆਪਣੇ ਜ਼ੁੰਮੇ ਲਗੀ ਹਰ ਸੇਵਾ ਨੂੰ ਪੂਰਨ ਤਨਦੇਹੀ ਨਾਲ ਨਿਭਾਉਂਦਿਆਂ ਜਾਣੇ-ਅਣਜਾਣੇ ਜੇਕਰ ਕੋਈ ਅਵੱਗਿਆ ਹੋ ਗਈ ਹੋਵੇ ਤਾਂ ਦਾਸ ਸਮੁੱਚੇ ਪੰਥ ਪਾਸੋਂ ਖਿਮਾਂ ਯਾਚਨਾ ਲੋਚਦਾ ਹੈ।

ਪਿਛਲੇ ਕਾਫ਼ੀ ਦਿਨਾਂ ਤੋਂ ਮੇਰੀ ਸਿਹਤ ਤੰਦਰੁਸਤ ਨਾ ਰਹਿਣ ਕਰਕੇ ਮੈਂ ਆਪਣੀ ਸਵੈ-ਇੱਛਾ ਅਨੁਸਾਰ ਇਸ ਪਦਵੀ ਤੋਂ ਮੁਕਤ ਹੋਣਾਂ ਚਾਹੁੰਦਾ ਹਾਂ। ਇਸ ਲਈ ਆਪ ਜੀ ਨੇ ਸਿੱਖ ਪੰਥ ਦੇ ਇਸ ਮਹਾਨ ਪਾਵਨ ਅਸਥਾਨ **'ਸ੍ਰੀ ਅਕਾਲ ਤਖ਼ਤ ਸਾਹਿਬ ਜੀ'** ਦੀ ਸੇਵਾ ਕਿਸੇ ਸੁਯੋਗ ਸਖ਼ਸ਼ੀਅਤ ਨੂੰ ਸੌਂਪਣ ਦੀ ਖੇਚਲ ਕਰਨੀ ਜੀ।

ਗੁਰੂ ਰਾਖਾ।

ਗੁਰੂ ਪੰਥ ਦਾ ਦਾਸ

**(ਗੁਰਬਚਨ ਸਿੰਘ)**

ਵੱਲ:

ਸ੍ਰ: ਗੋਬਿੰਦ ਸਿੰਘ ਜੀ ਲੌਂਗੋਵਾਲ,
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 22-10-2018 (06 ਕੱਤਕ ਸੰਮਤ ਨਾਨਕਸ਼ਾਹੀ 550) ਦੇ ਮਤਾ ਨੰਬਰ 1101 ਦੀ ਨਕਲ:-**

ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਦਵੀ ਤੋਂ ਸੇਵਾਮੁਕਤ ਹੋਣ ਲਈ ਪ੍ਰਧਾਨ ਸਾਹਿਬ ਦੇ ਨਾਮ ਪੁੱਜਾ ਲਿਖਤੀ ਪੱਤਰ ਅ:ਤ/18/3291, ਮਿਤੀ 18/10/2018, ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਗਿਆਨੀ ਗੁਰਬਚਨ ਸਿੰਘ ਜੀ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਪਣੀ ਪਦਵੀ ਤੋਂ ਦਿੱਤਾ ਅਸਤੀਫਾ ਪ੍ਰਵਾਨ ਕੀਤਾ ਜਾਂਦਾ ਹੈ।

ਇਹ ਵੀ ਪ੍ਰਵਾਨ ਹੋਇਆ ਕਿ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ) ਆਪਣੀਆਂ ਪਹਿਲੀਆਂ ਸੇਵਾਵਾਂ ਦੇ ਨਾਲ-ਨਾਲ ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖ਼ਤ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੇਵਾ ਵੀ ਨਿਭਾਉਣਗੇ।

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

**********************************************************

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 25445 ਮਿਤੀ 22-10-2018

ਉਤਾਰਾ:
1. ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ)
2. ਹੈੱਡ ਗ੍ਰੰਥੀ ਜੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ।
3. ਹੈੱਡ ਗ੍ਰੰਥੀ ਜੀ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ।
4. ਸਕੱਤਰ ਸਾਹਿਬਾਨ ( ), ਸ਼੍ਰੋਮਣੀ ਗੁ:ਪ੍ਰ:ਕਮੇਟੀ।
5. ਮੀਤ ਸਕੱਤਰ ਜੀ (ਨਿੱਜੀ ਸਹਾਇਕ-ਪ੍ਰਧਾਨ ਸਾਹਿਬ), ਸ਼੍ਰੋਮਣੀ ਗੁ:ਪ੍ਰ:ਕਮੇਟੀ।
6. ਮੈਨੇਜਰ ਜੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ।
7. ਇੰਚਾਰਜ ਜੀ (ਅਮਲਾ), ਸ਼੍ਰੋਮਣੀ ਗੁ:ਪ੍ਰ:ਕਮੇਟੀ।
8. ਇੰਚਾਰਜ ਜੀ, ਸਕੱਤਰੇਤ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ।
9. ਮੈਨੇਜਰ ਜੀ, ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ)।

ਰੂਪ ਸਿੰਘ (ਡਾ.)
ਮੁੱਖ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ਡਾ. ਕਿਰਪਾਲ ਸਿੰਘ ਜੀ

ਗੁਰ ਫ਼ਤਹਿ॥

ਬਿਨੈ ਹੈ ਕਿ ਮਿਤੀ 23 ਅਕਤੂਬਰ 2018 ਨੂੰ ਇਤਿਹਾਸ ਦੇ ਸਿਲੇਬਸ ਸਬੰਧੀ ਮੀਟਿੰਗ ਵਿਚ ਮੈਂ ਹਾਜ਼ਰ ਨਹੀਂ ਹੋ ਸਕਾਂਗਾ ਕਿਉਂਕਿ ਸਾਡੀ ਸੰਸਥਾ ਦਾ ਫੰਕਸ਼ਨ ਹੈ।

ਕੁਝ ਜ਼ਰੂਰੀ ਗੱਲਾਂ ਮੈਂ ਲਿਖ ਕੇ ਈ.ਮੇਲ ਰਾਹੀਂ ਭੇਜ ਰਿਹਾ ਹਾਂ।

+2 ਦਾ ਲਿਖਿਆ ਜਾ ਰਿਹਾ ਹਰ ਚੈਪਟਰ ਵਾਦ/ਵਿਵਾਦ ਵਿੱਚ ਘਿਰ ਜਾਂਦਾ ਹੈ। ਕਾਰਨ ਵੀ ਸਪਸ਼ਟ ਹੈ ਕਿ ਜੋ ਲਿਖਿਆ ਜਾ ਰਿਹਾ ਉਸਦੀ ਸ਼ਬਦਾਵਲੀ/ਸ਼ੈਲੀ/ਇਤਿਹਾਸਕ ਹਵਾਲਿਆਂ ਵਿੱਚ ਜਿਆਦਾ ਊਣਤਾਈਆਂ ਹਨ। ਭਾਸ਼ਾ ਵਿਦਿਆਰਥੀਆਂ ਦੇ ਪੱਧਰ ਦੀ ਤੇ ਪ੍ਰਭਾਵਸ਼ਾਲੀ ਨਹੀਂ ਹੈ।

ਗੁਰੂ ਨਾਨਕ ਪਾਤਸ਼ਾਹ, ਪੰਚਮ ਪਾਤਸ਼ਾਹ ਦੀ ਸ਼ਹੀਦੀ, ਦਸਮ ਪਾਤਸ਼ਾਹ ਜੀ ਦੇ ਇਤਿਹਾਸ ਸਬੰਧੀ ਹਵਾਲੇ ਨਾਮੁਆਫ ਕਰਨਯੋਗ ਹਨ।

ਤੁਹਾਡੀ ਸਰਪਰਸਤੀ ਹੇਠ 6 ਮੈਂਬਰੀ ਕਮੇਟੀ ਨੇ ਜਿੰਨਾ ਵਧੀਆ ਸਿਲੇਬਸ ਤਿਆਰ ਕੀਤਾ ਸੀ, ਲਿਖਣ ਪਖੋਂ ਉਨਾਂ ਹੀ ਕਮਜ਼ੋਰ ਹੈ। ਲਿਖਤ ਵਿੱਚ ਸ਼ਰਧਾ ਭਾਵਨਾ, ਸਵੈਮਾਣ ਤੇ ਸਤਿਕਾਰਤ ਸ਼ਬਦਾਂ ਦੀ ਘਾਟ ਹੈ। ਗੁਰੂ ਸਾਹਿਬਾਨ ਕੇਵਲ ਪੰਚ ਭੂਤਕ ਸਰੀਰ ਨਹੀਂ, ਅਸੀਂ ਖੁਸ਼ਕ ਜਿਹੇ ਸ਼ਬਦਾਂ ਦੇ ਤਾਣੇ-ਬਾਣੇ ਨਾਲ ਬੇਇਨਸਾਫੀ ਕਰ ਰਹੇ ਹਾਂ।

ਅਕਾਦਮਿਕ ਪੈਮਾਨੇ ਵਾਲੇ ਡਾਇਲਾਗ ਸਿੱਖ ਮਾਨਸਿਕਤਾ ਨੂੰ ਸੰਤੁਸ਼ਟ ਨਹੀਂ ਕਰ ਸਕਣਗੇ। ਇਸ ਪ੍ਰਕਾਰ ਸਾਡੀ ਸਾਰਿਆਂ ਦੀ ਨੀਤ ਉਪਰ ਸ਼ੱਕ ਕੀਤਾ ਜਾ ਰਿਹਾ।ਅਸੀਂ ਸਭ ਗੁਰੂ ਸਾਹਿਬਾਂ ਦੇ ਦੇਣਦਾਰ ਹਾਂ।ਜੋ ਪ੍ਰਵਾਨ ਕਰਨਯੋਗ ਨਹੀਂ, ਉਸ ਨੂੰ ਸਪੱਸ਼ਟ ਰੱਦ ਕਰ ਦਿਓ, ਇਹ ਮੇਰੀ ਰਾਇ ਹੈ।

ਡਾ. ਇੰਦਰਜੀਤ ਸਿੰਘ ਗੋਗੋਆਣੀ
ਅੰਮ੍ਰਿਤਸਰ।
20.10.2018

**Kirpal Singh**
M.A., Ph.D., D.Litt.
**Director,**
Sikh Sarot Itihasik Granth Sampadna Project (S.G.P.C. Amritsar)
6, Kalgidhar Niwas, Madhya Marg, Sector 27, Chandigarh
**Former Professor & Head**
Punjab, Historical Studies Department,
Punjabi University, Patiala.
**Founder,** Oral History Cell, Punjabi University, Patiala

Former Member,
Governing Council, Asiatic Society,
Kolkata.
**Former Secretary,**
History And Archaeology, Asiatic Society,
Kolkata.

0172-4611913(O)2772525 (R)
93160-05061

Ref. No.........                Date...10-11-2018

ਸਤਿਕਾਰਯੋਗ ਭਾਈ ਗੋਬਿੰਦ ਸਿੰਘ ਲੌਂਗੋਵਾਲ ਜੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਸਨਿਮਰ ਬੇਨਤੀ ਹੈ ਕਿ ਜਦੋਂ ਕੋਈ ਵੀ ਸਜ਼ਾ ਵਾਲਾ ਫ਼ੈਸਲਾ ਕਰਨਾ ਹੋਵੇ ਤਾਂ ਜਿਸਨੂੰ ਸਜ਼ਾ ਦੇਣੀ ਹੈ, ਉਸ ਦਾ ਪੱਖ ਵੀ ਸੁਣਿਆ ਜਾਣਾ ਜ਼ਰੂਰੀ ਹੈ।

23 ਫਰਵਰੀ 2001 ਨੂੰ ਧਰਮ ਪ੍ਰਚਾਰ ਕਮੇਟੀ ਦੇ ਪਾਸ ਹੋਏ ਮਤੇ ਅਨੁਸਾਰ ਮੈਨੂੰ 'ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ ਪ੍ਰੋਜੈਕਟ' ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਸੀ ਅਤੇ ਇਸਦੇ ਨਾਲ ਹੀ ਤਿੰਨ ਸਕਾਲਰ ਆਪਣੀ ਮਰਜ਼ੀ ਨਾਲ ਰੱਖਣ ਦੀ ਆਗਿਆ ਦਿੱਤੀ ਗਈ ਸੀ ਅਤੇ ਦਫ਼ਤਰ ਚੰਡੀਗੜ੍ਹ ਵਿਖੇ ਖੋਲ੍ਹਿਆ ਗਿਆ ਸੀ। ਮੈਂ ਇਸ ਅਹੁਦੇ ਲਈ ਪਹਿਲਾਂ ਕਦੀ ਕੋਈ ਅਰਜ਼ੀ ਨਹੀਂ ਦਿੱਤੀ ਸੀ। ਧਰਮ ਪ੍ਰਚਾਰ ਕਮੇਟੀ ਨੇ ਜਦੋਂ ਇਹ ਮਤਾ ਮੈਨੂੰ ਭੇਜਿਆ ਅਤੇ ਮੇਰੇ 'ਤੇ ਜ਼ੋਰ ਪਾਇਆ ਕਿ ਜੇਕਰ ਇਹ ਮਤਾ ਨਾ ਮੰਨੋਗੇ ਤਾਂ ਪੰਥ ਦੇ ਹੁਕਮ ਦੀ ਅਵੱਗਿਆ ਹੋਵੇਗੀ। ਮੈਂ ਬੜੀ ਸੋਚ-ਵਿਚਾਰ ਕਰ ਕੇ ਜੂਨ 2001 ਨੂੰ 'ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ ਪ੍ਰੋਜੈਕਟ' ਦਾ ਕੰਮ ਆਰੰਭ ਕਰ ਦਿੱਤਾ ਸੀ। ਗੁਰੂ ਸਾਹਿਬ ਦੀ ਕਿਰਪਾ ਨਾਲ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਤੱਕ 21 ਜਿਲਦਾਂ ਛਪ ਚੁੱਕੀਆਂ ਹਨ। ਦੋ ਜਿਲਦਾਂ ਪ੍ਰੈੱਸ ਵਿਚ ਹਨ ਅਤੇ ਇੱਕ ਜਿਲਦ ਲੱਗਭਗ ਤਿਆਰ ਹੈ।

ਹੁਣ ਅਗਲੀ ਗੱਲ ਬਾਰ੍ਹਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਨਾਲ ਸੰਬੰਧਿਤ ਹੈ। ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਜਿਹੜਾ ਪੱਤਰ ਮਿਤੀ 20/10/2018 ਨੂੰ ਮੈਨੂੰ ਭੇਜਿਆ ਸੀ ਉਸ ਪੱਤਰ ਦੀਆਂ ਫੋਟੋ ਕਾਪੀਆਂ ਕਰਵਾ ਕੇ ਮੈਂ ਸਾਰੇ ਮੈਂਬਰਾਂ ਸਣੇ ਡਾ. ਗੋਗੋਆਣੀ ਅਤੇ ਬੋਰਡ ਦੇ ਚੇਅਰਮੈਨ ਨੂੰ ਭੇਜ ਦਿੱਤੀਆਂ ਸਨ ਅਤੇ ਕਿਹਾ ਕਿ ਇਸ ਦੀ ਰੋਸ਼ਨੀ ਵਿਚ ਹੀ ਲਿਖਿਆ ਜਾਵੇ। ਇਹ ਗ਼ਲਤ ਹੈ ਕਿ ਮੈਂ ਉਨ੍ਹਾਂ ਦੇ ਭੇਜੇ ਪੱਤਰ ਤੇ ਕੋਈ ਕਾਰਵਾਈ ਨਹੀਂ ਕੀਤੀ। ਡਾ. ਇੰਦਰਜੀਤ ਸਿੰਘ ਗੋਗੋਆਣੀ ਨੂੰ ਮੈਂ ਹਰ ਮੀਟਿੰਗ ਤੇ ਆਪ ਫੋਨ ਕਰਕੇ ਸੱਦਾ ਦਿੱਤਾ ਹੈ। ਉਸਦਾ ਉੱਤਰ ਸੀ ਕਿ ਪ੍ਰਿੰਸੀਪਲ ਬਣਨ ਕਰਕੇ ਮੈਂ ਬਹੁਤ ਰੁਝੇਵਿਆਂ ਵਿਚ ਰੁੱਝਿਆ ਹੋਇਆ ਹਾਂ, ਆ ਨਹੀਂ

ਸਕਦਾ। ਤੁਹਾਡਾ ਇੱਕ ਮੈਂਬਰ ਕੈਨੇਡਾ ਚਲਾ ਗਿਆ ਅਤੇ ਮੀਟਿੰਗ ਵਿਚ ਨਾ ਆਇਆ। ਤੁਹਾਡੇ ਦੋਵੇਂ ਮੈਂਬਰ ਨਾ ਆਉਣ ਕਾਰਨ, ਮੇਰਾ ਪੱਖ, ਹਰ ਮੀਟਿੰਗ ਵਿਚ ਕਮਜ਼ੋਰ ਹੋ ਗਿਆ। ਡਾ. ਇੰਦਰਜੀਤ ਸਿੰਘ ਗੋਗੋਆਣੀ 5 ਮੀਟਿੰਗਾਂ ਵਿਚ ਪਹਿਲਾਂ ਆਏ ਤੇ ਫਿਰ ਅਖ਼ੀਰ ਵਿਚ ਇੱਕ ਮੀਟਿੰਗ ਵਿੱਚ ਆਏ। ਇਸਦਾ ਰਿਕਾਰਡ ਮੇਰੇ ਕੋਲ ਵੇਖਿਆ ਜਾ ਸਕਦਾ ਹੈ।

ਬਾਰ੍ਹਵੀਂ ਜਮਾਤ ਦੇ 1 ਤੋਂ 5 ਚੈਪਟਰ ਪ੍ਰੋ. ਜੇ. ਐਸ. ਗਰੇਵਾਲ ਦੇ ਲਿਖੇ ਹੋਏ ਹਨ। ਜਦੋਂ ਇਹ ਚੈਪਟਰ ਮੇਰੇ ਕੋਲ ਆਏ ਤਾਂ ਮੈਂ ਹਰ ਚੈਪਟਰ ਦੇ ਦੋ/ਤਿੰਨ ਸਫ਼ੇ ਗ਼ਲਤੀਆਂ ਦੇ ਟਾਈਪ ਕਰਵਾ ਕੇ ਭੇਜੇ, ਉਨ੍ਹਾਂ ਦੀਆਂ ਕਾਪੀਆਂ ਵੀ ਮੇਰੇ ਕੋਲ ਮੌਜੂਦ ਹਨ। ਇਹ ਚੈਪਟਰ ਲੇਖਕ ਕੋਲੋਂ ਅਧੂਰੇ ਹੀ ਦਰੁੱਸਤ ਹੋ ਕੇ ਸਿੱਧੇ ਹੀ ਬੋਰਡ ਦੀ ਵੈੱਬਸਾਈਟ 'ਤੇ ਅਪਲੋਡ ਕਰ ਦਿੱਤੇ ਗਏ ਕਿਉਂਕਿ ਸਿੱਖਿਆ ਮੰਤਰੀ ਜ਼ੋਰ ਦੇ ਰਿਹਾ ਸੀ ਕਿ ਛੇਤੀ ਤੋਂ ਛੇਤੀ ਚੈਪਟਰ ਲਿਖੇ ਜਾਣ, ਕਿਉਂਕਿ ਬੱਚਿਆਂ ਦੀ ਪੜ੍ਹਾਈ ਦਾ ਹਰਜ਼ ਹੋ ਰਿਹਾ ਹੈ।

ਜਦੋਂ ਇਹ ਗ਼ਲਤੀਆਂ ਮੇਰੇ ਸਾਹਮਣੇ ਆਈਆਂ ਤਾਂ ਉਸੇ ਵਕਤ ਮੇਰੀ ਸਿਫ਼ਾਰਸ਼ 'ਤੇ ਇਹ ਚੈਪਟਰ ਵਾਪਸ ਲੈ ਲਏ ਗਏ। ਮੇਰੇ ਵੱਲੋਂ ਕਿਸੇ ਵੀ ਪ੍ਰਕਾਰ ਦੀ ਕੋਈ ਬੇ-ਪ੍ਰਵਾਹੀ ਨਹੀਂ ਹੋਈ। ਆਸ ਹੈ ਕਿ ਤੁਸੀਂ ਮੇਰੇ ਪੱਖ ਨੂੰ ਜ਼ਰੂਰ ਵਿਚਾਰੋਗੇ।

ਗੁਰੂ ਮਹਾਰਾਜ ਨੇ ਮੇਰੇ ਸਿਰ 'ਤੇ ਹੱਥ ਰੱਖ ਕੇ ਜਿੰਨੀ ਸੇਵਾ ਲੈਣੀ ਸੀ, ਉਹ ਲੈ ਲਈ ਹੈ।

ਧੰਨਵਾਦ ਸਹਿਤ।

ਗੁਰੂ ਪੰਥ ਦਾ ਦਾਸ,

ਕਿਰਪਾਲ ਸਿੰਘ

ਡਾ. ਕਿਰਪਾਲ ਸਿੰਘ
1288, ਸੈਕਟਰ 15-ਬੀ,
ਚੰਡੀਗੜ੍ਹ-160015

ਮਿਤੀ: 10/11/2018

Copy to- ਡਾ. ਰੂਪ ਸਿੰਘ, ਮੁੱਖ ਸਕੱਤਰ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

**IN THE HIGH COURT OF PUNJAB AND HARYANA AT CHANDIGARH**

**CRM-M-44542-2018 (O&M)**
Date of Decision:- 9.10.2018

Shiromani Gurudwara Prabandhak Committee ... Petitioner

Versus

State of Punjab and others ... Respondents

**CORAM: HON'BLE MR. JUSTICE GURVINDER SINGH GILL**

Present:- Mr. Prappan Uppal, Advocate, for
Mr. Abhilaksh Grover, Advocate, for the petitioner.

*****

**GURVINDER SINGH GILL, J. (Oral)**

By way of filing this petition, the petitioner seeks issuance of necessary directions to respondents No.2 and 3 to take action on complaints dated 18.11.2016, 14.1.2017, 4.3.2017, 14.8.2017, 28.3.2017 and 12.9.2018 and various complaints submitted by the petitioner regarding the alteration of photographs of Sikh Gurus and Sikhs which is being posted on social networking sites, hurting the sentiments of Sikhs.

Having heard the learned counsel for the petitioner, the petition is disposed of with a direction to Director General of Police, Punjab Police Headquarter, Sector 9, Chandigarh (respondent No.2) to get the matters enquired and to dispose of representations dated 18.11.2016 and 14.1.2017 (Annexure P-2), 4.3.2017 (Annexure P-3), 14.8.2017 (Annexure P-4),



::: Downloaded on - 12-11-2018 19:37:07 :::

**CRM-M-44542-2018 (O&M)** **-2-**

26.1.2017, 6.4.2017, 28.3.2018 (Annexure P-5) and 12.9.2018 (Annexure P-6) expeditiously. In case the allegations leveled therein are found to be well founded then necessary steps warranted under law be taken thereupon at the earliest.

A copy of this order along with copy of representations Annexure P-2 to Annexure P-6 be sent to Director General of Police, Punjab Police Headquarter, Sector 9, Chandigarh so as to enable him to do the needful expeditiously.

**October 9, 2018** **( Gurvinder Singh Gill)**
mohan **Judge**

Whether speaking /reasoned Yes / No

Whether Reportable Yes / No

HIGH COURT OF PUNJAB AND HARYANA
सत्यमेव जयते


::: Downloaded on - 12-11-2018 19:37:08 :::

ੴ ਵਾਹਿਗੁਰੂ ਜੀ ਕੀ ਫ਼ਤਹ॥


**ਭਾਈ ਗੋਬਿੰਦ ਸਿੰਘ ਲੌਂਗੋਵਾਲ**

ਪ੍ਰਧਾਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ-143 006.


ਗੁਰੂ ਸਵਾਰੇ ਖਾਲਸਾ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹ॥

ਸਭ ਤੋਂ ਪਹਿਲਾਂ ਮੈਂ ਸਮੂਹ ਖ਼ਾਲਸਾ ਪੰਥ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੰਦੀ ਛੋੜ ਦਿਵਸ ਦੀ ਹਾਰਦਿਕ ਵਧਾਈ ਦਿੰਦਾ ਹਾਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਕਿਲ੍ਹੇ ਵਿੱਚੋਂ ਰਿਹਾਅ ਹੋਣ ਮਗਰੋਂ ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚਣ ਦੀ ਯਾਦ ਵਿਚ ਸਿੱਖ ਦੀਵਾਲੀ ਨੂੰ ਬੰਦੀ ਛੋੜ ਦਿਵਸ ਵਜੋਂ ਮਨਾਉਂਦੇ ਹਨ। ਇਹ ਇਤਿਹਾਸਕ ਦਿਹਾੜਾ ਸਾਨੂੰ ਸੱਚ ਦੀ ਆਵਾਜ਼ ਬਣਨ ਅਤੇ ਜ਼ੁਲਮ ਦੇ ਸਤਾਏ ਹੋਏ ਲੋਕਾਂ ਦੇ ਹੱਕ ਵਿਚ ਅੱਗੇ ਆਉਣ ਦੀ ਪ੍ਰੇਰਨਾ ਦਿੰਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਗਵਾਲੀਅਰ ਦੀ ਕੈਦ ਵਿੱਚੋਂ ਛੁਡਾਏ 52 ਰਾਜਿਆਂ ਦਾ ਇਤਿਹਾਸ ਸੰਭਾਲੀ ਬੈਠਾ ਇਹ ਦਿਹਾੜਾ ਸਮੁੱਚੇ ਪੰਥ ਵੱਲੋਂ ਪੂਰੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉਸ ਸਮੇਂ ਜਦੋਂ ਛੇਵੇਂ ਪਾਤਸ਼ਾਹ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਪੁੱਜੇ ਤਾਂ ਬਾਬਾ ਬੁੱਢਾ ਜੀ ਦੀ ਅਗਵਾਈ 'ਚ ਸੰਗਤਾਂ ਨੇ ਖੁਸ਼ੀ 'ਚ ਘਿਉ ਦੇ ਦੀਵੇ ਜਗਾਏ ਅਤੇ ਦੀਪਮਾਲਾ ਕੀਤੀ।

ਬੰਦੀ-ਛੋੜ ਦਿਵਸ ਸਾਨੂੰ ਧਰਮ ਦੀਆਂ ਕਦਰਾਂ-ਕੀਮਤਾਂ 'ਤੇ ਦ੍ਰਿੜ੍ਹ ਰਹਿ ਕੇ ਜੀਵਨ ਜਿਊਣ ਦਾ ਸੁਨੇਹਾ ਦਿੰਦਾ ਹੈ। ਇਹ ਕੌਮ ਦੀ ਚੜ੍ਹਦੀ ਕਲਾ ਲਈ ਔਖੇ ਸਮਿਆਂ ਵਿਚ ਵੀ ਹੌਸਲਾ ਬੁਲੰਦ ਰੱਖਣ ਅਤੇ ਆਪਣੇ ਧਰਮ ਲਈ ਮਰ ਮਿਟਣ ਦਾ ਸੰਦੇਸ਼ ਵੀ ਹੈ।

ਗੁਰੂ ਸਾਹਿਬਾਨ ਦਾ ਸਮੁੱਚਾ ਜੀਵਨ ਜਬਰ, ਜ਼ੁਲਮ ਤੇ ਅਨਿਆਂ ਦੇ ਖਿਲਾਫ਼ ਇੱਕ ਸੰਘਰਸ਼ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੁਸਤਾਨ ਦੀ ਬੋਲੀ, ਸੱਭਿਆਚਾਰ ਅਤੇ ਰੀਤੀ-ਰਿਵਾਜ ਬਚਾਉਣ ਲਈ ਜੋ ਮਿਸ਼ਨ ਆਰੰਭਿਆ ਉਸ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਹੋਰ ਅੱਗੇ ਵਧਾਉਂਦਿਆਂ ਜ਼ੁਲਮ ਅਤੇ ਅਨਿਆਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਲੋਕਾਈ ਨੂੰ ਇਕ ਨਵੀਂ ਰੋਸ਼ਨੀ, ਨਵੇਂ ਜਜ਼ਬੇ ਅਤੇ ਨਵੇਂ ਜੋਸ਼ ਦੇ ਰੂਬਰੂ ਕੀਤਾ। ਧਾਰਮਿਕ, ਸਮਾਜਿਕ, ਰਾਜਨੀਤਿਕ ਤੇ ਆਰਥਿਕ ਕ੍ਰਾਂਤੀ ਦਾ ਮੁੱਢ ਬੰਨਣ ਵਾਲੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਹੋਏ ਮਾਰਗ ਨੂੰ ਅਪਨਾਉਣਾ ਅੱਜ ਦੀ ਵੱਡੀ ਲੋੜ ਹੈ। ਗੁਰੂ ਸਾਹਿਬ ਦੀ ਵਿਚਾਰਧਾਰਾ ਬੰਧਨਾਂ ਤੋਂ ਮੁਕਤੀ ਦਾ ਰਾਹ ਦਿਖਾਉਂਦੀ ਹੈ ਪਰ ਅੱਜ ਬਹੁਤ ਸਾਰੀਆਂ ਸਮਾਜਿਕ ਕੁਰੀਤੀਆਂ ਵਿਚ ਫਸ ਕੇ ਅਸੀਂ ਜੀਵਨ ਦੁਸ਼ਵਾਰੀਆਂ ਵਾਲੇ ਪਾਸੇ ਲਿਜਾ ਰਹੇ ਹਾਂ। ਸਾਨੂੰ ਨਸ਼ੇ, ਪਤਿਤਪੁਣਾ ਅਤੇ ਭਰੂਣ ਹੱਤਿਆ ਜਿਹੀਆਂ ਸਮਾਜਿਕ ਕੁਰੀਤੀਆਂ ਵਿਰੁੱਧ ਖੜ੍ਹੇ ਹੋਣਾ ਪਵੇਗਾ। ਅੱਜ ਕੁਝ ਪੰਥ ਵਿਰੋਧੀ ਸ਼ਕਤੀਆਂ ਗੁਰ-ਇਤਿਹਾਸ ਅਤੇ ਸਿੱਖ-ਇਤਿਹਾਸ ਨੂੰ ਵੀ ਵਿਗਾੜਨ ਦੀ ਕੋਸ਼ਿਸ਼ ਵਿਚ ਹਨ, ਜਿਨ੍ਹਾਂ ਤੋਂ ਸੁਚੇਤ ਹੋਣ ਦੀ ਲੋੜ ਹੈ।

ਮੈਂ ਅੱਜ ਦੇ ਦਿਹਾੜੇ ਸ਼ਹੀਦ ਭਾਈ ਮਨੀ ਸਿੰਘ ਜੀ ਨੂੰ ਵੀ ਸ਼ਰਧਾ ਤੇ ਸਤਿਕਾਰ ਭੇਟ ਕਰਦਾ ਹਾਂ, ਕਿਉਂਕਿ ਭਾਈ ਸਾਹਿਬ ਜੀ ਦੀ ਸ਼ਹੀਦੀ ਦਾ ਸਬੰਧ ਵੀ ਇਸ ਦਿਹਾੜੇ ਨਾਲ ਜੁੜਦਾ ਹੈ। ਇਤਿਹਾਸ ਗਵਾਹ ਹੈ ਕਿ ਸਮੇਂ ਦੀ ਹਕੂਮਤ ਨੇ ਬਦਨੀਤੀ ਨਾਲ ਭਾਈ ਮਨੀ ਸਿੰਘ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਸੀ। ਮੈਂ ਸਮੂਹ ਸੰਗਤ ਤੇ ਖਾਸਕਰ ਸਿੱਖ ਨੌਜਵਾਨੀ ਨੂੰ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਜੀਵਨ ਤੋਂ ਸਿੱਖੀ ਜਜ਼ਬੇ ਦੀ ਪ੍ਰੇਰਣਾ ਲੈਣ ਦੀ ਵੀ ਬੇਨਤੀ ਕਰਦਾ ਹਾਂ। ਇਕ ਵਾਰ ਫਿਰ ਬੰਦੀ ਛੋੜ ਦਿਵਸ ਦੀ ਮੁਬਾਰਕਬਾਦ ਦਿੰਦਾ ਹੋਇਆ ਕੌਮ ਦੀ ਇਕਜੁਟਤਾ ਲਈ ਅਰਦਾਸ ਕਰਦਾ ਹਾਂ।

ਗੁਰੂ ਪੰਥ ਦਾ ਦਾਸ,

(ਭਾਈ ਗੋਬਿੰਦ ਸਿੰਘ ਲੌਂਗੋਵਾਲ)


ਫੋਨ ਦਫ਼ਤਰ +91 183 255 3950, ਫੈਕਸ +91 183 2553919, ਮੋਬਾਇਲ 98558 95558
e-mail: sgpc@vsnl.com, website: www.sgpc.net

Regd. with the Registrar of Newspapers of India at No. 88/57.
Postal Registration No. ASR/0323/2018-20
Without Pre-payment of Postage under License No. PB/R-002/2018-20 Valid upto 31-12-2020
Monthly GURDWARA GAZETTE November 2018
Shiromani Gurdwara Parbandhak Committee, Sri Amritsar.



ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ)

ਗੋਲਡਨ ਆਫਸੈੱਟ ਪ੍ਰੈਸ, ਗੁਰਦੁਆਰਾ ਰਾਮਸਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ
ਦਿਲਜੀਤ ਸਿੰਘ 'ਬੇਦੀ' ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਤੋਂ ਜਾਰੀ ਕੀਤਾ।

ਡਿਜ਼ਾਈਨ : ਮਨਪ੍ਰੀਤ ਸਿੰਘ
ਤਸਵੀਰਾਂ : ਜਤਿੰਦਰ ਸਿੰਘ (ਲਾਲੀ)

ਮਿਤੀ 21-11-2018